ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ-4 ਸ਼ਾਖਾ)

## ਹੁਕਮ

ਮੰਤਰੀ ਪ੍ਰੀਸ਼ਦ ਦੀ ਮਿਤੀ 18-7-2012 ਨੂੰ ਹੋਈ ਮੀਟਿੰਗ ਦੇ ਵਿਚ ਲਏ ਗਏ ਫੈਸਲੇ, ਜੋ ਆਮ ਰਾਜ ਪ੍ਰਬੰਧ ਵਿਭਾਗ(ਮੰਤਰੀ ਮੰਡਲ ਮਾਮਲੇ ਸਾਖਾ) ਦੇ ਅੰ:ਵਿ:ਪੱ:ਨੰ: ਨੰ:1/120/2012-1ਕੈਬਨਿਟ/2699 ਮਿਤੀ 20-7--2012 ਰਾਹੀ ਪ੍ਰਾਪਤ ਹੋਇਆ , ਦੇ ਅਨੁਸਾਰ ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਸਿਹਤ ਵਿਭਾਗ ਪੰਜਾਬ ਵਿੱਚ ਨਵੇਂ ਜਨਰਲ ਮਿਡਵਾਈਫਰੀ(ਜੀ.ਐਨ.ਐਮ) ਸਕੂਲਾਂ ਲਈ ਨਵੀਆਂ ਆਸਾਮੀਆਂ ਦੀ ਰਚਨਾ/ਭਰਨ ਦੀ ਪ੍ਰਵਾਨਗੀ ਹੇਠ ਅਨੁਸਾਰ ਦਿੰਦੇ ਹਨ:-.

| ਆਸਾਮੀ ਦਾ ਨਾਂ | ਆਈ.ਐਨ.ਸੀ ਦੇ ਨਾਰਮ ਮੁਤਾਬਿਕ ਜਰੂਰਤ | ਮੌਜੂਦਾ ਆਸਾਮੀਆਂ | ਹੋਰ ਲੋੜੀਦੀਆਂ ਆਸਾਮੀਆਂ | | ਸਲਾਨਾ ਬੋਝ ਲਗਭਗ (ਰੁਪਏ ਵਿੱਚ) |
|---|---|---|---|---|---|
| ਪ੍ਰਿੰਸੀਪਲ | 7 | 1 | 6 | | 26.64 |
| ਵਾਈਸ ਪ੍ਰਿੰਸੀਪਲ | 7 | 0 | 7 | | 26.88 |
| ਟਿਊਟਰ | 105 | 5 | ਪਹਿਲੇ ਸਾਲ | 50 | 153.00 |
| | | | ਦੂਜਾ ਸਾਲ | 30 | 244.00 |
| | | | ਤੀਜੇ ਸਾਲ | 20 | 306.00 |
| | | | ਕੁਲ | 100 | |
| ਐਡੀਸ਼ਨਲ ਟਿਊਟਰ ਇਨਟਰਨ ਵਾਸਤੇ | 21 | 0 | 21 | | 64.26 |
| ਕੁਲ | 140 | 6 | 134 | | 423.78 |

3. ਇਸ ਦੇ ਨਾਲ ਹੀ ਨਰਸਿੰਗ ਸਕੂਲਾਂ ਲਈ 19 ਵਾਰਡਨ/ਲੇਡੀ ਹਾਊਸ ਕੀਪਰ, 7 ਸਟੈਨੋਗ੍ਰਾਫਰ, 7 ਅਕਾਂਊਟੈਂਟ ,7 ਟਾਈਪਿਸਟ, 7 ਲਬਾਰਟਰੀ ਐਸਿਸਟੈਂਟ, 7 ਲਾਇਬਰੇਰੀਅਨ, 7 ਡਰਾਇਵਰ, 14 ਚੌਕੀਦਾਰ, 21 ਗਰੁੱਪ ਡੀ, ਫੋਟੋ ਸਟੇਟ ਮਸੀਨ ਅਪਰੇਟਰ, 14 ਸਫਾਈ ਸੇਵਕ ਅਤੇ 14 ਵਾਰਡਨ ਲਈ ਹੈਲਪਰ ਆਦਿ ਦੀਆਂ ਆਸਾਮੀਆਂ ਕੰਨਟਰੈਕਟ ਬੇਸਿਜ ਤੇ ਸੰਸਥਾ ਵਲੋਂ ਆਪਣੇ ਤੌਰ ਤੇ ਯੂਜਰ ਚਾਰਜਿਜ/ਫੀਸਾਂ ਵਿਚੋਂ ਭਰਨ ਦੀ ਪ੍ਰਵਾਨਗੀ ਵੀ ਦਿੱਤੀ ਜਾਂਦੀ ਹੈ। ਇੰਨ੍ਹਾਂ ਆਸਾਮੀਆਂ ਨੂੰ ਠੇਕੇ ਤੇ ਭਰਨ ਲਈ ਲਗਭਗ 2.70 ਕਰੋੜ ਰੁਪਏ ਪ੍ਰਤੀ ਸਾਲ ਦਾ ਖਰਚਾ ਬਣਦਾ ਹੈ।

4. ਇਸ ਤੋ ਇਲਾਵਾ ਇੰਨ੍ਹਾਂ ਆਸਾਮੀਆਂ ਨੂੰ ਭਰਨ ਲਈ ਐਸ.ਐਸ ਬੋਰਡ ਦੇ ਪਰਵਿਊ ਵਿਚੋ ਕੱਢ ਕੇ ਡਾਇਰੈਕਟੋਰੇਟ, ਸਿਹਤ ਸੇਵਾਵਾਂ ਰਾਹੀ ਇੰਡੀਅਨ ਨਰਸਿੰਗ ਕਾਉਸਿਲ ਦੇ ਰੂਲਜ ਅਤੇ ਕ੍ਰਾਇਟੀਰਿਆ ਮੁਤਾਬਿਕ ਭਰਨ ਦੀ ਪ੍ਰਵਾਨਗੀ ਇਸ ਸਰਤ ਤੇ ਦਿੰਦੇ ਹਨ ਕਿ ਇੰਨ੍ਹਾਂ ਆਸਾਮੀਆਂ ਨੂੰ ਭਰਨ ਸਮੇਂ ਇੰਟਰਵਿਊ ਦੇ ਵੱਖਰੇ ਨੰਬਰ ਨਹੀ ਰੱਖੇ ਜਾਣਗੇ।

5. ਇਹ ਮੰਨਜੂਰੀ ਮੰਤਰੀ ਪ੍ਰੀਸਦ ਵਲੋ ਮਿਤੀ 18 -7-2012 ਨੂੰ ਕੀਤੇ ਫੈਸਲੇ ਦੇ ਆਧਾਰ ਤੇ ਜਾਰੀ ਕੀਤੀ ਜਾ ਰਹੀ ਹੈ।

ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ,
ਸਿਹਤ ਤੇ ਪਰਿਵਾਰ ਭਲਾਈ ਵਿਭਾਗ।

ਪਿਠ ਅੰਕਣ ਨੰ:7/76/2010-2ਸਿ4/ 2376 ਮਿਤੀ,ਚੰਡੀਗੜ੍ਹ: 24/8 ,2012

ਉਤਾਂਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਲਈ ਘੱਲਿਆਂ ਜਾਂਦਾ ਹੈ:-

1. ਸਕੱਤਰ,ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਮਾਮਲੇ ਸਾਖਾ) ਨੂੰ ਉਨਾਂ ਦੇ ਅੰ:ਵਿ:ਪੱ:ਨੰ 1/120/2012-1ਕੈਬਨਿਟ/2699 ਮਿਤੀ 20-7--2012 ਦੇ ਹਵਾਲੇ ਵਿਚ)

2: ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ,ਚੰਡੀਗੜ੍ਹ।

3. ਡਾਇਰੈਕਟਰ, ਪਰਿਵਾਰ ਭਲਾਈ,ਪੰਜਾਬ,ਚੰਡੀਗੜ੍ਹ।

4. ਮੈਨੇਜਿੰਗ ਡਾਇਰੈਕਟਰ,ਪੰਜਾਬ ਹੈਲਥ ਸਿਸਟਮਜ ਕਾਰਪੋਰੇਸਨ

5. ਮਿਸਨ ਡਾਇਰੈਕਟਰ,ਪੰਜਾਬ ਐਨ.ਆਰ.ਐਚ.ਐਮ.ਪ੍ਰਯਾਸ ਬਿਲਡਿੰਗ,ਸੈਕਟਰ 38 ਚੰਡੀਗੜ੍ਹ।

6.. ਡਾਇਰੈਕਟਰ,ਸੂਚਨਾਂ ਤੇ ਲੋਕ ਸੰਪਰਕ ਵਿਭਾਗ,ਪੰਜਾਬ,ਚੰਡੀਗੜ੍ਹ।

ਅਧੀਨ ਸਕੱਤਰ,ਸਿਹਤ(ਐਮ)

29/8/2012

C-2

Anuradha Salhotra